# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021/**੨੮।੬੬੭ **ਮਿਤੀ:** 28/੦੮/੨੦੨੧

**ਜਨਤਕ ਸੂਚਨਾ**

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਨੋਟੀਫਿਕੇਸਨ ਨੰ 2/14/2020-2edu3/2020487/1, ਮਿਤੀ 27.05.2020 ਰਾਹੀਂ Non Teaching Staff Transfer Policy-2020 ਜਾਰੀ ਕੀਤੀ ਗਈ ਸੀ।

2.0 ਵਿਭਾਗ ਵਲੋਂ ਨਾਨ ਟੀਚਿੰਗ ਸਟਾਫ ਦੀਆਂ ਪਹਿਲੇ ਗੇੜ ਦੀਆਂ ਬਦਲੀਆਂ ਦੇ ਹੁਕਮ ਜਾਰੀ ਕਰਨ ਉਪਰੰਤ ਖਾਲੀ ਹੋਈਆਂ ਅਸਾਮੀਆਂ ਵਿਰੁੱਧ ਜਿਨਾਂ ਨਾਨ ਟੀਚਿੰਗ ਸਟਾਫ ਨੇ ਪਹਿਲੇ ਗੇੜ ਵਿੱਚ ਬਦਲੀ ਨਹੀਂ ਕਰਵਾਈ ਨੂੰ ਬਦਲੀਆਂ ਦੇ ਦੂਜੇ ਗੇੜ ਵਿੱਚ ਬਦਲੀ ਅਪਲਾਈ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

3.0 ਜਿੰਨਾਂ ਨਾਨ ਟੀਚਿੰਗ ਸਟਾਫ ਵਲੋਂ ਬਦਲੀਆਂ ਦੇ ਪਹਿਲੇ ਗੇੜ ਵਿੱਚ ਆਪਣੇ ਵੇਰਵੇ ਨਹੀਂ ਭਰੇ ਜਾਂ ਅਧੂਰੇ ਭਰੇ ਉਹ ਮਿਤੀ 28.08.2021 ਤੋਂ ਮਿਤੀ 30.08.2021 ਤੱਕ ਆਪਣੇ ਵੇਰਵੇ ਈ ਪੰਜਾਬ ਪੋਰਟਲ ਤੇ Staff Login Id ਤੇ ਲਾਗ ਇਨ ਕਰਕੇ ਭਰ/ਦਰੁੱਸਤ ਕਰ ਸਕਦੇ ਹਨ ਅਤੇ ਬਦਲੀ ਲਈ ਸਟੇਸਨ ਚੋਣ ਵਿਭਾਗ ਵਲੋਂ ਉਹਨਾਂ ਦੇ ਈ ਪੰਜਾਬ ਪੋਰਟਲ ਤੇ Staff Login Id ਵਿੱਚ ਦਿਖਾਈ ਗਈ ਖਾਲੀ ਅਸਾਮੀਆਂ ਦੀ ਸੂਚੀ ਵਿਰੁੱਧ ਕਰ ਸਕਦੇ ਹਨ।

4.0 ਨਾਨ ਟੀਚਿੰਗ ਸਟਾਫ ਦੀ ਕੇਵਲ ਉਹ ਆਨਲਾਈਨ ਪ੍ਰਾਪਤ ਬਦਲੀ ਦੀ ਬੇਨਤੀ ਵਿਚਾਰੀ ਜਾਵੇਗੀ ਜਿਸ ਦਾ ਡਾਟਾ ਸਬੰਧਤ ਸਕੂਲ ਮੁੱਖੀ/ਡੀ.ਡੀ.ਓ ਵਲੋਂ ਤਸਦੀਕ ਹੋਇਆ ਹੋਵੇਗਾ। ਸਕੂਲ ਮੁੱਖੀ/ਡੀ.ਡੀ.ਓ ਮਿਤੀ 31.08.2021 ਤੱਕ ਡਾਟਾ ਵੈਰੀਫਾਈ ਕਰ ਸਕਦੇ ਹਨ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

(HR) MS 918